BRAMPTON

Media Release

ਤੁਰੰਤ ਰਿਲੀਜ ਲਈ

# ਸਿਟੀ ਨੇ ਟੂਰਿਜਮ ਵੀਕ ਦੇ ਦੌਰਾਨ ਬ੍ਰੈਂਪਟਨ ਦਾ ਨਵਾਂ ਟੂਰਿਜਮ ਬ੍ਰਾਂਡ ਪੇਸ਼ ਕੀਤਾ

ਬ੍ਰੈਂਪਟਨ, ਓਨਟੈਰੀਓ (2 ਜੂਨ, 2022) – ਸਿਟੀ ਆਫ ਬ੍ਰੈਂਪਟਨ ਨੇ, 29 ਮਈ ਤੋਂ 4 ਜੂਨ ਤੱਕ, ਟੂਰਿਜਮ ਵੀਕ (Tourism Week) ਵਜੋਂ ਮਾਨਤਾ ਦਿੱਤੀ ਹੈ, ਜਿੱਥੇ ਟੂਰਿਜਮ ਸੈਕਟਰ ਦੇ ਸ਼ਾਨਦਾਰ ਲੋਕਾਂ ਅਤੇ ਕਾਰੋਬਾਰਾਂ ਨੂੰ, ਲੋਕਾਂ ਨੂੰ ਬੇਜੋੜ ਅਨੁਭਵਾਂ ਦਾ ਅਨੰਦ ਲੈਣ ਲਈ ਇਕੱਠੇ ਲਿਆਉਣ ਵਿੱਚ, ਉਹਨਾਂ ਵੱਲੋਂ ਨਿਭਾਈ ਜਾਣ ਵਾਲੀ ਭੂਮਿਕਾ ਲਈ ਸਨਮਾਨਿਤ ਕੀਤਾ ਜਾਂਦਾ ਹੈ। ਟੂਰਿਜਮ ਵੀਕ, ਪੂਰੇ ਹਫਤੇ ਦਾ ਇੱਕ ਰਾਸ਼ਟਰੀ ਕਾਰਜਕਰਮ ਹੈ, ਜੋ ਟੂਰਿਜਮ ਸੰਗਠਨਾਂ, ਕਾਰੋਬਾਰਾਂ ਅਤੇ ਹੋਰ ਭਾਈਵਾਲਾਂ ਨੂੰ, ਕੈਨੇਡਿਅਨ ਅਰਥਚਾਰੇ ਅਤੇ ਕਮਿਉਨਿਟੀਜ ਵਿੱਚ ਇੰਡਸਟਰੀ ਦੇ ਯੋਗਦਾਨ ਦਾ ਪ੍ਰਚਾਰ ਕਰਨ ਵਿੱਚ ਇਕੱਠੇ ਲਿਆਉਂਦਾ ਹੈ।

ਇਸ ਟੂਰਿਜਮ ਵੀਕ, ਸਿਟੀ ਆਫ ਬ੍ਰੈਂਪਟਨ ਦਾ ਟੂਰਿਜਮ ਆਫਿਸ (Tourism Office), ਬਿਲਕੁੱਲ ਨਵੇਂ ਐਕਸਪੀਰੀਐਂਸ ਬ੍ਰੈਂਪਟਨ (Experience Brampton) ਬ੍ਰਾਂਡ ਦੀ ਸ਼ੁਰੂਆਤ, ਪੰਜ-ਸਾਲਾ ਟੂਰਿਜਮ ਮਾਰਕੀਟਿੰਗ ਸਟ੍ਰੈਟਜੀ (Tourism Marketing Strategy) ਦੇ ਹਿੱਸੇ ਵਜੋਂ ਕਰਨ ਲਈ ਉਤਸ਼ਾਹਿਤ ਹੈ। ਇਹ ਕਈ-ਪੱਖ ਵਾਲਾ ਪ੍ਰੋਗਰਾਮ ਹੈ, ਜੋ ਬ੍ਰੈਂਪਟਨ ਨੂੰ ਹੋਰ ਮਜ਼ਬੂਤ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਪੇਸ਼ ਕਰਦਾ ਹੈ, ਇਸਦਾ ਪ੍ਰਚਾਰ ਇੱਕ ਆਕਰਸ਼ਕ ਟੂਰਿਜਮ ਟਿਕਾਣੇ ਵਜੋਂ ਕਰਨ ਲਈ ਤਿਆਰ ਕੀਤਾ ਗਿਆ ਹੈ, ਖਾਸ ਕਰਕੇ ਕਲਾ ਅਤੇ ਸੱਭਿਆਚਾਰ, ਫੂਡ ਟੂਰਿਜਮ, ਖਾਸ ਕਾਰਜਕਰਮਾਂ ਅਤੇ ਸਪੋਰਟ ਟੂਰਿਜਮ ਦੇ ਖੇਤਰਾਂ ਵਿੱਚ।

ਟੂਰਿਜਮ ਬ੍ਰਾਂਡ, ਪੰਜ ਮੂਲ ਅਧਾਰਾਂ ਉੱਤੇ ਧਿਆਨ ਕੇਂਦਰਿਤ ਕਰਦਾ ਹੈ:

- **ਇੱਕ ਬੇਹੱਦ ਸਫਲ ਸ਼ਹਿਰ।** ਬ੍ਰੈਂਪਟਨ, ਕੈਨੇਡਾ ਵਿੱਚ ਨੌਂਵਾ ਸਭ ਤੋਂ ਵੱਡਾ ਅਰਬਨ ਸੈਂਟਰ ਅਤੇ ਦੂਜਾ ਸਭ ਤੋਂ ਤੇਜ਼ੀ ਨਾਲ ਵਧਣ ਵਾਲਾ ਸ਼ਹਿਰ ਹੈ। ਵਿਰਸੇ ਅਤੇ ਸੱਭਿਆਚਾਰਕ ਸੰਪਤੀਆਂ ਤੋਂ ਲੈ ਕੇ ਸਪੋਰਟਸ ਟੂਰਿਜਮ, ਖਾਸ ਆਯੋਜਨਾਂ ਅਤੇ ਸ਼ਾਨਦਾਰ, ਅਣਦੇਖੇ ਅਤੇ ਘੱਟ ਮੁਲਾਂਕਣ ਵਾਲੇ ਫੂਡ ਅਨੁਭਵਾਂ ਤੱਕ, ਬ੍ਰੈਂਪਟਨ ਇੱਕ ਉੱਭਰਦਾ ਹੋਇਆ ਟਿਕਾਣਾ ਹੈ ਅਤੇ ਖੁਦ ਨੂੰ ਦੁਨੀਆ ਦੇ ਸਾਮ੍ਹਣੇ ਘੋਸ਼ਿਤ ਕਰਨ ਲਈ ਤਿਆਰ ਹੈ।

- **ਇੱਕ ਬਹੁ-ਸੱਭਿਆਚਾਰਕ ਟਿਕਾਣਾ।** ਬ੍ਰੈਂਪਟਨ ਇੱਕ ਮੋਜੈਕ ਹੈ, ਜਿਸ ਵਿੱਚ 200 ਤੋਂ ਵੱਧ ਵੱਖ-ਵੱਖ ਕਮਿਉਨਿਟੀਜ ਹਨ, ਜੋ ਸਿਟੀ ਨੂੰ ਸੰਪੂਰਣ ਬਣਾਉਂਦੀਆਂ ਹਨ ਅਤੇ ਇੱਥੇ ਲਗਭਗ 90 ਵੱਖਰੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਬ੍ਰੈਂਪਟਨ, ਦੇਖਣ ਅਤੇ ਜਸ਼ਨ ਮਨਾਉਣ ਲਈ ਅਸਧਾਰਨ ਤੌਰ ਤੇ ਵੰਨ-ਸੁਵੰਨੀ ਥਾਂ ਹੈ। ਆਉਣ ਵਾਲੇ (ਵਿਜੀਟਰਸ) ਖੁੱਲੇ ਦਿਲ ਵਾਲੇ ਮਿਲੇ-ਜੁਲੇ ਲੋਕਾਂ, ਦੁਨੀਆਭਰ ਦੇ ਸੱਭਿਆਚਾਰਾਂ ਅਤੇ ਅਜਿਹੇ ਅਨੁਭਵਾਂ ਦੀ ਉਮੀਦ ਕਰ ਸਕਦੇ ਹਨ, ਜੋ ਦਿਮਾਗ ਅਤੇ ਭਾਵਾਂ ਨੂੰ ਉਤਸ਼ਾਹਿਤ ਕਰਦੇ ਹਨ।

- **ਭੋਜਨ ਸਬੰਧੀ ਟਿਕਾਣਾ, ਜਿਸਦੀ ਬਹੁਤ ਘੱਟ ਪੜਚੋਲ ਅਤੇ ਪ੍ਰਸ਼ੰਸਾ ਹੋਈ ਹੈ।** ਭੋਜਨ, ਸੱਭਿਆਚਾਰ ਦੀ ਕੁਦਰਤੀ ਅਭਿਵਿਅਕਤੀ ਹੈ ਅਤੇ ਬ੍ਰੈਂਪਟਨ ਨੂੰ ਅਜਿਹੀ ਥਾਂ ਵਜੋਂ ਜਾਣਿਆ ਜਾਂਦਾ ਹੈ, ਜਿੱਥੇ ਇੱਕ ਸ਼ਹਿਰ ਵਿੱਚ ਦੁਨੀਆ ਦਾ ਫੂਡ ਟੂਰ ਪ੍ਰਦਾਨ ਕਰਨ ਵਾਲਾ, ਅੰਤਰਰਾਸ਼ਟਰੀ ਭੋਜਨ ਪ੍ਰਾਪਤ ਕੀਤਾ ਜਾ ਸਕਦਾ ਹੈ।

ਐਕਸਪੀਰੀਐਂਸ ਬ੍ਰੈਂਪਟਨ ਲੋਗੋ ਨੂੰ, ਇੰਦਰਧਨੁਸ਼ ਦੇ ਰੰਗ ਵਿੱਚ ਮਿਲਾਉਣ ਲਈ ਨਵਾਂ ਬਣਾਇਆ ਗਿਆ ਹੈ, ਜੋ ਸ਼ਹਿਰ ਦੇ ਜੋਸ਼ੀਲੇਪਣ ਅਤੇ ਮਜ਼ੇਦਾਰ ਅਤੇ ਰੋਮਾਂਚਕ ਟਿਕਾਣੇ ਦੀ ਮਿਸਾਲ ਦਿੰਦਾ ਹੈ, ਜੋ ਬ੍ਰੈਂਪਟਨ ਹੈ।

ਨਿਵਾਸੀਆਂ ਅਤੇ ਆਉਣ ਵਾਲਿਆਂ ਦੀ ਪਸੰਦ ਦੇ ਟਿਕਾਣੇ ਵਜੋਂ ਬ੍ਰੈਂਪਟਨ ਦਾ ਹੋਰ ਪ੍ਰਚਾਰ ਕਰਨ ਲਈ, ਟੂਰਿਜਮ ਆਫਿਸ, ਬ੍ਰੈਮਬੈਸਡਰ (Brambassador) ਪ੍ਰੋਗਰਾਮ ਪੇਸ਼ ਕਰਨ ਲਈ ਉਤਸ਼ਾਹਿਤ ਹੈ; ਇਹ ਵਾਲੰਟੀਅਰਾਂ ਦੀ ਇੱਕ ਟੀਮ ਹੈ, ਜੋ ਪੂਰੇ ਸ਼ਹਿਰ ਵਿੱਚ, ਬ੍ਰੈਂਪਟਨ ਦਾ ਪ੍ਰਚਾਰ ਕਰਨ ਅਤੇ ਨਿਵਾਸੀਆਂ ਅਤੇ

ਆਉਣ ਵਾਲਿਆਂ ਨੂੰ ਵਿਆਪਕ ਸ਼੍ਰੇਣੀ ਵਿੱਚ ਮੌਜੂਦ ਸਹੂਲਤਾਂ, ਆਕਰਸ਼ਣਾਂ ਅਤੇ ਰੈਸਟੋਰੈਂਟਾਂ ਬਾਰੇ ਦੱਸਣ ਲਈ, ਕਾਰਜਕਰਮਾਂ ਵਿੱਚ ਅਤੇ ਸਥਾਨਾਂ ਵਿਖੇ ਜਾਵੇਗੀ। ਬ੍ਰੈਮਬੈਸਡਰ ਦੀ ਭੂਮਿਕਾ, ਬ੍ਰੈਂਪਟਨ ਦੇ ਚੈਂਪੀਅਨਾਂ ਲਈ ਇੱਕ ਸ਼ਾਨਦਾਰ ਮੌਕਾ ਹੈ, ਜਿਸ ਵਿੱਚ ਉਹ ਸ਼ਹਿਰ ਲਈ ਆਪਣੇ ਪਿਆਰ ਨੂੰ ਫੈਲਾ ਅਤੇ ਹੋਰਾਂ ਨੂੰ ਬ੍ਰੈਂਪਟਨ ਵਿੱਚ ਆਉਣ ਅਤੇ ਹਰ ਉਸ ਚੀਜ਼ ਦਾ ਅਨੁਭਵ ਕਰਨ ਲਈ ਉਤਸ਼ਾਹਿਤ ਕਰ ਸਕਦੇ ਹਨ, ਜੋ ਬ੍ਰੈਂਪਟਨ ਵਿੱਚ ਮੌਜੂਦ ਹੈ। ਇਛੁੱਕ ਬਿਨੈਕਾਰਾਂ ਨੂੰ, ਇਸ ਗਰਮੀ ਉਹਨਾਂ ਦੀ ਦਿਲਚਸਪੀ ਸਾਂਝੀ ਕਰਨ ਲਈ ਸੱਦਾ ਦਿੱਤਾ ਜਾਵੇਗਾ।

ਸਿਟੀ ਆਫ ਬ੍ਰੈਂਪਟਨ ਨੇ, ਅਪ੍ਰੈਲ 2021 (April 2021) ਵਿੱਚ, ਪੰਜ-ਸਾਲਾ ਟੂਰਿਜਮ ਸਟ੍ਰੈਟਜੀ (Tourism Strategy) ਨੂੰ ਐਨਡੋਰਸ ਕੀਤਾ ਸੀ, ਜਿਸਦਾ ਉਦੇਸ਼ ਬ੍ਰੈਂਪਟਨ ਨੂੰ ਇੱਕ ਟੂਰਿਜਮ ਟਿਕਾਣਾ ਬਣਾਉਣਾ, ਇਸਦਾ ਵਿਸਤਾਰ ਕਰਨਾ ਅਤੇ ਲੋਕਲ ਅਰਥਚਾਰੇ ਨੂੰ ਵਧਾਉਣਾ ਅਤੇ ਨਿਵਾਸੀਆਂ ਵਿੱਚ ਥਾਂ ਦੇ ਪ੍ਰਤੀ ਮਾਣ ਨੂੰ ਵਿਕਸਿਤ ਕਰਨਾ ਹੈ। ਇਹ ਸਟ੍ਰੈਟਜੀ, ਬੈਨਿਕਿਨ ਟ੍ਰੈਵਲ ਐਂਡ ਟੂਰਿਜਮ (Bannikin Travel and Tourism) ਦੇ ਨਾਲ ਮਿਲ ਕੇ ਬਣਾਈ ਗਈ ਸੀ।

**ਹਵਾਲੇ**

"ਸਿਟੀ ਆਫ ਬ੍ਰੈਂਪਟਨ ਨੂੰ ਟੂਰਿਜਮ ਵੀਕ ਨੂੰ ਮਾਨਤਾ ਦੇਣ ਅਤੇ ਸਾਡੀ ਕਹਾਣੀ ਦੱਸਣ ਅਤੇ ਨਿਵਾਸੀਆਂ ਅਤੇ ਆਉਣ ਵਾਲਿਆਂ ਨਾਲ ਜੁੜਨ ਵਿੱਚ, ਸਾਡੇ ਟੂਰਿਜਮ ਸੈਕਟਰ ਵੱਲੋਂ ਨਿਭਾਈ ਜਾਣ ਵਾਲੀ ਮਹੱਤਵਪੂਰਣ ਭੂਮਿਕਾ ਤੇ ਮਾਣ ਹੈ, ਖਾਸ ਕਰਕੇ ਜਦੋਂ ਅਸੀਂ ਸ਼ਹਿਰ ਨੂੰ ਦੁਬਾਰਾ ਖ੍ਹੋਲਿਆ ਹੈ। ਮੈਂ ਹਰ ਕਿਸੇ ਨੂੰ ਸਲਾਹ ਦਿੰਦਾ ਹਾਂ ਕਿ ਬ੍ਰੈਂਪਟਨ ਵਿੱਚ ਮੌਜੂਦ ਹਰ ਚੀਜ਼ ਦਾ ਸਹੀ ਅਨੁਭਵ ਲੈਣ ਲਈ, ਸਾਡੇ ਸ਼ਾਨਦਾਰ ਸ਼ਹਿਰ ਵਿੱਚ ਆਓ।"

- *ਪੈਟਰਿਕ ਬ੍ਰਾਉਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ*

"ਬ੍ਰੈਂਪਟਨ ਇੱਕ ਮੋਜੈਕ ਹੈ, ਜਿਸਨੂੰ ਅਸੀਂ ਪਿਆਰ ਕਰਦੇ ਹਾਂ ਅਤੇ ਜਿਸਦਾ ਜਸ਼ਨ ਮਨਾਉਂਦੇ ਹਾਂ ਅਤੇ ਇਹ ਲੋਕਾਂ ਦੇ ਆਉਣ ਅਤੇ ਖੁਦ ਵਾਸਤੇ ਅਨੁਭਵ ਕਰਨ ਲਈ, ਊਰਜਾ ਨਾਲ ਭਰਪੂਰ ਇੱਕ ਥਾਂ ਹੈ। ਵੰਨ-ਸੁਵੰਨੇ ਫੈਸਟੀਵਲਸ ਅਤੇ ਕਾਰਜਕਰਮਾਂ ਤੋਂ ਲੈ ਕੇ, ਜੋਸ਼ੀਲੇ ਫੂਡ ਸਥਾਨ ਤੱਕ, ਬ੍ਰੈਂਪਟਨ ਇੱਕ ਸ਼ਾਨਦਾਰ ਜਗ੍ਹਾ ਹੈ।"

- *ਹਰਕੀਰਤ ਸਿੰਘ (Harkirat Singh), ਸਿਟੀ ਕਾਉਂਸਲਰ, ਵਾਰਡਸ 9 ਅਤੇ 10; ਚੇਅਰ, ਕਾਰਪੋਰੇਟ ਸਰਵਿਸਿਜ, ਸਿਟੀ ਆਫ ਬ੍ਰੈਂਪਟਨ*

"ਸਿਟੀ ਆਫ ਬ੍ਰੈਂਪਟਨ ਦੀ ਟੂਰਿਜਮ ਸਟ੍ਰੈਟਜੀ, ਇਸ ਸ਼ਹਿਰ ਦਾ ਜਸ਼ਨ ਮਨਾਉਣ ਅਤੇ ਮਨਪਸੰਦ ਜੋਸ਼ੀਲੇ ਟਿਕਾਣੇ ਵਜੋਂ ਇਸਦਾ ਪ੍ਰਚਾਰ ਕਰਨ ਲਈ ਵਚਨਬੱਧ ਹੈ। ਮਾਰਕੀਟਿੰਗ ਸਟ੍ਰੈਟਜੀ ਦੇ ਮੂਲ ਅਧਾਰ ਉਹਨਾਂ ਗੱਲਾਂ ਨੂੰ ਉਜਾਗਰ ਕਰਦੇ ਹਨ, ਜਿਹਨਾਂ ਬਾਰੇ ਬਹੁਤ ਸਾਰੇ ਨਿਵਾਸੀ ਪਹਿਲਾਂ ਤੋਂ ਹੀ ਜਾਣਦੇ ਹਨ: ਇਹ ਕਿ ਬ੍ਰੈਂਪਟਨ ਸੱਭਿਆਚਾਰ ਅਤੇ ਅਨੁਭਵਾਂ ਦਾ ਇੱਕ ਮੋਜੈਕ ਹੈ। ਮੈਂ ਸਾਡੀ ਨਵੀਂ ਬ੍ਰੈਮਬੈਸਡਰ ਟੀਮ ਵੱਲੋਂ ਇਸ ਬਾਰੇ ਦੂਜਿਆਂ ਨੂੰ ਦੱਸਣ ਅਤੇ ਇਸ ਸ਼ਾਨਦਾਰ ਸ਼ਹਿਰ ਦਾ ਪ੍ਰਚਾਰ ਕਰਦੇ ਦੇਖਣ ਲਈ ਉਤਸ਼ਾਹਿਤ ਹਾਂ।"

- *ਪਾੱਲ ਮੋਰਿਸਨ (Paul Morrison), ਇੰਟਰਿਮ ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ*

-30-

**ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ।** ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

BRAMPTON

**Media Release**

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca